SUPERINTENDENT OF PUBLIC INSTRUCTION

Randy I. Dorn Old Capitol Building · PO BOX 47200 · Olympia, WA 98504-7200 · http://www.k12.wa.us

## ਵਾਸ਼ਿੰਗਟਨ ਅੰਗਰੇਜ਼ੀ ਭਾਸ਼ਾ ਨਿਪੁੰਨਤਾ ਮੁੱਲਾਂਕਣ ਕੀ ਹੈ?

ਵਾਸ਼ਿੰਗਟਨ ਅੰਗਰੇਜ਼ੀ ਭਾਸ਼ਾ ਨਿਪੁੰਨਤਾ ਮੁੱਲਾਂਕਣ (Washington English Language Proficiency Assessment) (WELPA) ਇੱਕ ਟੈਸਟ ਹੈ ਜੋ ਇਹ ਪਤਾ ਲਗਾਉਣ ਲਈ ਕੀਤਾ ਜਾਂਦਾ ਹੈ ਕਿ ਵਿਦਿਆਰਥੀਆਂ ਨੂੰ ਡਿਸਟ੍ਰਿਕਟ ਦੇ ਅੰਗਰੇਜ਼ੀ ਭਾਸ਼ਾ ਵਿਕਾਸ (ELD) ਰਾਹੀਂ ਸਹਾਇਦਾ ਦੀ ਲੋੜ ਹੈ ਜਾਂ ਨਹੀਂ। ਇਸ ਮੁੱਲਾਂਕਣ ਵਿਚ ਅੰਗਰੇਜ਼ੀ ਪੜ੍ਹਨ, ਲਿੱਖਣ, ਸੁਣਨ ਅਤੇ ਬੋਲਣ ਦੇ ਖੇਤਰ ਵਿਚ ਗਿਆਨ ਅਤੇ ਮਹਾਰਤਾਂ ਦੀ ਜਾਂਚ ਕੀਤੀ ਜਾਂਦੀ ਹੈ। ਕਿੰਡਰਗਾਰਟਨ ਤੋਂ ਲੈ ਕੇ ਗਰੇਡ 12 ਤਕ ਦੇ ਵਿਦਿਆਰਥੀ ਹਰ ਸਾਲ ਇਹ ਟੈਸਟ ਦੇਂਦੇ ਹਨ ਤਾਂਕਿ ਇਹ ਮਾਪਿਆ ਜਾ ਸਕੇ ਕਿ ਸਕੂਲ ਵਿਚ ਅੰਗਰੇਜ਼ੀ ਸਿਖਣ ਵਿਚ ਉਹ ਕਿੰਨਾਂ ਅੱਗੇ ਵੱਧੇ ਹਨ। ਕਿਉਂਕਿ ਸਕੂਲ ਵਿਚ ਕਾਮਯਾਬੀ ਲਈ ਅੰਗਰੇਜ਼ੀ ਦਾ ਚੰਗਾ ਗਿਆਨ ਅਤੇ ਵਰਤੋਂ ਜ਼ਰੂਰੀ ਹਨ, ਇਹ ਬਹੁਤ ਜ਼ਰੂਰੀ ਹੈ ਕਿ ਜਿਨ੍ਹਾਂ ਵਿਦਿਆਰਥੀਆਂ ਨੂੰ ਅੰਗਰੇਜ਼ੀ ਸਿੱਖਣ ਵਿਚ ਵਾਧੂ ਸਹਾਇਤਾ ਦੀ ਲੋੜ ਹੈ, ਉਹਨਾਂ ਨੂੰ ਲੋੜੀਂਦੀ ਮਦਦ ਜ਼ਰੂਰ ਮਿਲੇ।

## ਵਿਦਿਆਰਥੀ ਕਿਸੇ ਜਿਲ੍ਹੇ ਦੇ ਅੰਗਰੇਜ਼ੀ ਭਾਸ਼ਾ ਦੇ ਵਿਕਾਸ ਦੇ ਪ੍ਰੋਗਰਾਮ ਵਾਸਤੇ ਯੋਗਤਾ ਕਿਵੇਂ ਪੂਰੀ ਕਰਦੇ ਹਨ?

ਜਦ ਵਿਦਿਆਰਥੀ ਸਕੂਲ ਵਿੱਚ ਦਾਖਲ ਹੁੰਦੇ ਹਨ ਤਾਂ ਮਾਪਿਆਂ ਨੂੰ ਪੁੱਛਿਆ ਜਾਂਦਾ ਹੈ "ਕੀ ਤੁਹਾਡਾ ਬੱਚਾ ਅੰਗਰੇਜ਼ੀ ਤੋਂ ਪਹਿਲਾਂ ਕੋਈ ਹੋਰ ਭਾਸ਼ਾ ਬੋਲਦਾ ਸੀ?" ਜੇ ਜਵਾਬ "ਹਾਂ" ਹੈ ਤਾਂ ਵਿਦਿਆਰਥੀ ਵਾਸ਼ਿੰਗਟਨ ਇੰਗਲਿਸ਼ ਲੈਂਗੂਏਜ ਪ੍ਰੋਫੀਸ਼ੈਂਸੀ ਅਸੈੱਸਮੈਂਟ (WELPA) ਪਲੇਸਮੈਂਟ ਟੈਸਟ ਦਿੰਦਾ ਹੈ। ਜਿਹੜੇ ਵਿਦਿਆਰਥੀ ਪਲੇਸਮੈਂਟ ਟੈਸਟ ਵਿੱਚ ਲੈਵਲ 1 (ਸ਼ੁਰੂਆਤ2 (, ਮੱਧਵਰਤੀ,) ਜਾਂ 3 (ਆਧੁਨਿਕ) 'ਤੇ ਸਕੋਰ ਕਰਦੇ ਹਨ, ਉਹ ਆਪਣੀ ਅੰਗਰੇਜ਼ੀ ਵਿੱਚ ਸੁਧਾਰ ਕਰਨ ਲਈ ਵਧੀਕ ਮਦਦ ਵਾਸਤੇ ਯੋਗਤਾ ਪੂਰੀ ਕਰਦੇ ਹਨ।

## ਵਿਦਿਆਰਥੀ ਕਿਸੇ ਜਿਲ੍ਹੇ ਦੇ ਅੰਗਰੇਜ਼ੀ ਭਾਸ਼ਾ ਦੇ ਵਿਕਾਸ ਦੇ ਪ੍ਰੋਗਰਾਮ ਰਾਹੀਂ ਸੇਵਾਵਾਂ ਨੂੰ ਕਿੰਨ੍ਹੇ ਕੁ ਸਮੇਂ ਤੱਕ ਪ੍ਰਾਪਤ ਕਰਦੇ ਹਨ?

ਵਿਦਿਆਰਥੀ ਪ੍ਰੋਗਰਾਮ ਵਿੱਚ ਤਦ ਤੱਕ ਜਾਰੀ ਰਹਿੰਦੇ ਹਨ ਜਦ ਤੱਕ ਉਹਨਾਂ ਨੂੰ ਅੰਗਰੇਜ਼ੀ ਸਿੱਖਣ ਵਿੱਚ ਮਦਦ ਦੀ ਲੋੜ ਹੈ। ਅੰਗਰੇਜ਼ੀ ਭਾਸ਼ਾ ਦੇ ਗਿਆਨ ਅਤੇ ਪੜ੍ਹਨ, ਲਿਖਣ, ਸੁਣਨ ਅਤੇ ਬੋਲਣ ਦੀਆਂ ਮੁਹਾਰਤਾਂ ਵਿੱਚ ਵਿਦਿਆਰਥੀਆਂ ਦੇ ਵਿਕਾਸ ਨੂੰ ਮਾਪਣ ਲਈ WELPA ਸਾਲਾਨਾ ਟੈਸਟ ਲਿਆ ਜਾਂਦਾ ਹੈ। WELPA 'ਤੇ ਲੈਵਲ 1, 2 ਜਾਂ3 ਦਾ ਸਕੋਰ ਇਹ ਨਿਰਣਾ ਕਰਦਾ ਹੈ ਕਿ ਵਿਦਿਆਰਥੀ ਪ੍ਰੋਗਰਾਮ ਵਿੱਚ ਜਾਰੀ ਰਹੇਗਾ। ਵਿਦਿਆਰਥੀ ਸਫਲਤਾ ਨਾਲ ਇਸ ਪ੍ਰੋਗਰਾਮ ਨੂੰ ਪਾਰ ਕਰ ਜਾਂਦੇ ਹਨ ਜਦੋਂ ਉਹ WELPA 'ਤੇ ਬਾਹਰ ਨਿਕਲਣ ਦੀ ਕਸੌਟੀ ਨੂੰ ਪੂਰਾ ਕਰ ਲੈਂਦੇ ਹਨ।